ਦਫ਼ਤਰ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਸੰਗਰੂਰ
ਟੈਲੀਫੋਨ ਤੇ ਫੈਕਸ ਨੰ. :- 01672-234092

ਵੱਲ,

ਵਸੰਤ ਵੈਲੀ,ਪਬਲਿਕ ਸਕੂਲ,
ਲੱਡਾ-148034,ਜ਼ਿਲ੍ਹਾ ਸੰਗਰੂਰ।

ਨੰ: 2763 ਮਿਤੀ: 10-2-15

ਵਿਸ਼ਾ- ਲੁਧਿਆਣਾ ਤੋਂ ਜਾਖਲ ਰੋਡ ਤੇ ਐਸ.ਐਚ.-11 ਸੰਗਰੂਰ ਸੜਕ ਦੇ ਕਿ:ਮੀ: 70-71 ਦੇ ਖੱਬੇ ਪਾਸੇ ਰਸਤਾ ਲੈਣ ਸਬੰਧੀ (ਵਸੰਤ ਵੈਲੀ ਪਬਲਿਕ ਸਕੂਲ ਲੱਡਾ)।

ਹਵਾਲਾ: ਆਪ ਦਾ ਪੱਤਰ ਨੰ: ਨਿੱਲ ਮਿਤੀ 5-01-2015

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਵੱਲੋਂ ਹਵਾਲਾ ਅਧੀਨ ਪੱਤਰ ਰਾਹੀ ਮੰਗਿਆ ਗਿਆ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਤੇ ਜ਼ਾਰੀ ਕੀਤਾ ਜਾਂਦਾ ਹੈ:-

1) ਨਾਲ ਨੱਥੀ ਅਪਰੂਵਡ ਨਕਸ਼ੇ ਮੁਤਾਬਿਕ ਹੀ ਉਸਾਰੀ ਕੀਤੀ ਜਾਵੇ।

2)ਸ਼ਡਿਊਲ ਰੋਡ ਐਕਟ 1995 ਦੀ ਪਾਲਣਾ ਕਰਦੇ ਹੋਏ ਬਿਲਡਿੰਗ ਸੜਕ ਦੀ ਅਖੀਰਲੀ ਬਾਊਡਰੀ(ਭਾਵ ਸਰਕਾਰੀ ਜਗ੍ਹਾ ਛੱਡ ਕੇ) ਤੇ 30 ਮੀਟਰ ਤੱਕ ਆਪਣੀ ਮਲਕੀਅਤ ਵਿੱਚ ਕੋਈ ਪੱਕੀ ਉਸਾਰੀ ਨਾ ਕੀਤੀ ਜਾਵੇ।

3)ਪਾਣੀ ਦੀ ਡਿਸਪੋਜ਼ਲ ਵਾਸਤੇ ਡਰੇਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸੜਕ ਨੂੰ ਕਿਸੇ ਵੀ ਤਰ੍ਹਾ ਦਾ ਕੋਈ ਨੁਕਸਾਨ ਨਾ ਹੋਵੇ।

4)ਸੜਕ ਦੀ ਜਗ੍ਹਾ ਵਿੱਚ ਕੂੜਾ ਕਰਕਟ ਨਾ ਸੁੱਟਿਆ ਜਾਵੇ।

5)ਸੜਕ ਦੀ ਜਗ੍ਹਾ ਵਿੱਚ ਕੋਈ ਪਾਰਕਿੰਗ ਨਾ ਕੀਤੀ ਜਾਵੇ।

6)ਜੇਕਰ ਭਵਿੱਖ ਵਿੱਚ ਸੜਕ ਨੂੰ ਚੋੜਾ ਕਰਨਾ ਪਿਆ ਤਾਂ ਪਹਿਲਾਂ ਕੀਤੀ ਉਸਾਰੀ ਆਪ ਵੱਲੋ ਆਪਣੇ ਪੱਧਰ ਤੇ ਢੁਹਾਈ ਜਾਵੇਗੀ ਅਤੇ ਇਸ ਸਬੰਧੀ ਕੋਈ ਕਲੇਮ ਨਹੀਂ ਦਿੱਤਾ ਜਾਵੇਗਾ।

7)ਜੇਕਰ ਸਰਕਾਰ ਵੱਲੋ ਜਾਰੀ ਕੀਤੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਗਈ ਤਾਂ ਜਾਰੀ ਕੀਤਾ ਐਨ.ਓ.ਸੀ. ਰੱਦ ਕਰ ਦਿੱਤਾ ਜਾਵੇਗਾ ਅਤੇ ਕੀਤੀ ਉਸਾਰੀ ਆਪ ਦੇ ਖਰਚੇ ਤੇ ਢੁਆਹ ਦਿੱਤੀ ਜਾਵੇਗੀ। ਜਿਸ ਦੀ ਸਾਰੀ ਜਿੰਮੇਵਾਰੀ ਆਪ ਦੀ ਹੋਵੇਗੀ।

8)ਇਹ ਐਨ.ਓ.ਸੀ. ਸਿਰਫ਼ ਸੜਕ ਪੱਖੋ ਦੇਣ ਦੀ ਸਿਫ਼ਾਰਸ ਕੀਤੀ ਜਾਂਦੀ ਹੈ। ਬਾਕੀ ਮਹਿਕਮਿਆਂ ਨਾਲ ਸਬੰਧਿਤ ਜਿਵੇ ਕਿ ਸੀ.ਐਲ.ਯੂ.ਜੰਗਲਾਤ,ਫਾਇਰ ਡਿਪਾਰਟਮੈਂਟ,ਬਿਲਡਿੰਗ ਸੇਫ਼ਟੀ ਆਦਿ ਲੋੜ ਅਨੁਸਾਰ ਆਪ ਆਪਣੇ ਪੱਧਰ ਤੇ ਲੈਣ ਲਈ ਜਿੰਮੇਵਾਰ ਹੋਵੇਗੇ

ਨੱਥੀ (ਨਕਸ਼ਾ)

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਸੰਗਰੂਰ ।
ਰਜਿਸਟਰਡ

ਪਿੰਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ ਪ੍ਰੋਜੈਕਟ ਡਾਇਰੈਕਟਰ ਪੀ.ਆਰ.ਬੀ.ਡੀ.ਬੀ ਐਸ.ਸੀ.ਓ ਨੰ:61-62 ਫੇਜ਼-2,ਮੁਹਾਲੀ ਨੂੰ ਬੈਂਕ ਡਰਾਫਟ ਨੰ: 177270 ਮਿਤੀ 02-12-14 ਬਾਬਤ ਰੁ: 5000/-(ਵਿਜ਼ਟਿੰਗ ਫੀਸ) ਅਤੇ ਡਰਾਫਟ ਨੰ: 562324 ਮਿਤੀ 31-01-15 ਬਾਬਤ ਰੁ: 188300/- (ਰਸਤੇ ਦੀ ਫੀਸ) ਸੂਚਨਾ ਅਤੇ ਅਗਲੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਨੱਥੀ/ਉਪਰੋਕਤ ਦੇ ਬੈਂਕ ਡਰਾਫਟ(ਅਸਲ ਰੂਪ ਵਿੱਚ)

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਸੰਗਰੂਰ

Principal
VASANT VALLEY PUBLIC SCHOOL
LADDA-148034 (Sangrur)
CBSE Affi. No.1630240

Email ID :- xenconstsgr@gmail.com